PUDA

# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ, ਐਸ.ਏ.ਐਸ ਨਗਰ।

(ਤਾਲਮੇਲ ਸ਼ਾਖਾ)

ਸੇਵਾ ਵਿਖੇ

1. ਵਿਸ਼ੇਸ਼ ਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ,
ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ ।
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ, ਪੰਜਾਬ ਸਿਵਲ ਸਕੱਤਰੇਤ-1,
ਚੰਡੀਗੜ।
3. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ,
ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ ।
4. ਮੁੱਖ ਪ੍ਰਸ਼ਾਸਕ,
ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ,
ਐਸ.ਏ.ਐਸ ਨਗਰ।
5. ਮੁੱਖ ਨਗਰ ਯੋਜਨਾਕਾਰ, ਪੰਜਾਬ,
ਗ੍ਰਾਮ ਅਤੇ ਨਗਰ ਯੋਜਨਾਬੰਦੀ ਵਿਭਾਗ,
ਪੁੱਡਾ ਭਵਨ, ਸੈਕਟਰ-62, ਐਸ.ਏ.ਐਸ ਨਗਰ।

ਨੰ: ਪੁੱਡਾ-ਤਾਲਮੇਲ ਸਾਖਾ-ਸ-1/2024/1033-37 ਮਿਤੀ:- 12/1/24

**ਵਿਸ਼ਾ:-** **ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਕਾਰਜਕਾਰੀ ਕਮੇਟੀ ਦੀ 23ਵੀਂ ਮੀਟਿੰਗ ਦੀ ਕਾਰਵਾਈ ਜਾਰੀ ਕਰਨ ਬਾਰੇ ।**

ਸ੍ਰੀਮਾਨ ਜੀ,

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ) ਦੀ ਕਾਰਜਕਾਰੀ ਕਮੇਟੀ ਦੀ 23ਵੀਂ ਮੀਟਿੰਗ ਜੋ ਕਿ ਮਿਤੀ 10-01-2024 ਨੂੰ ਸ਼ਾਮ 4.00 ਵਜੇ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਸੀ, ਦੀ ਕਾਰਵਾਈ (ਪ੍ਰੋਸੀਡਿੰਗ) ਦੀ ਕਾਪੀ ਆਪ ਜੀ ਨੂੰ ਸੂਚਨਾ ਹਿੱਤ ਇਸ ਪੱਤਰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ ਜੀ ।

*ਨੱਥੀ : ਉਪਰੋਕਤ ਅਨੁਸਾਰ ।*

ਸਮ 12/1

ਪ੍ਰਬੰਧਕ ਅਫਸਰ (ਤਾਲਮੇਲ)
ਵਾ: ਮੁੱਖ ਪ੍ਰਸ਼ਾਸ਼ਕ, ਪੁੱਡਾ ।

**ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1/2024/**1038-39 **ਮਿਤੀ:-** 12/1/24

1) ਉਪਰੋਕਤ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
2) ਉਪਰੋਕਤ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ ਕਮ ਪ੍ਰਬੰਧਕੀ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ ਕਮ ਪ੍ਰਬੰਧਕੀ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਸਰਕਾਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

*ਨੱਥੀ : ਉਪਰੋਕਤ ਅਨੁਸਾਰ ।*

ਸਮ 12/1

ਪ੍ਰਬੰਧਕ ਅਫਸਰ (ਤਾਲਮੇਲ)
ਵਾ: ਮੁੱਖ ਪ੍ਰਸ਼ਾਸ਼ਕ, ਪੁੱਡਾ ।

PUDA

# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ, ਐਸ.ਏ.ਐਸ ਨਗਰ।

(ਤਾਲਮੇਲ ਸ਼ਾਖਾ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1/2024/ 1040 ਮਿਤੀ:- 12/1/24

ਪੱਤਰ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਵਧੀਕ ਮੁੱਖ ਪ੍ਰਸ਼ਾਸਕ(ਮੁੱ.ਦ), ਪੁੱਡਾ ਐਸ.ਏ.ਐਸ ਨਗਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

*ਨੱਥੀ : ਉਪਰੋਕਤ ਅਨੁਸਾਰ ।*

12/1

ਪ੍ਰਬੰਧਕ ਅਫਸਰ (ਤਾਲਮੇਲ)
ਵਾ: ਮੁੱਖ ਪ੍ਰਸ਼ਾਸ਼ਕ, ਪੁੱਡਾ ।

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1/2024/ 1041 ਮਿਤੀ:- 12/1/24

ਪੱਤਰ ਦਾ ਉਤਾਰਾ ਜੀ.ਐਮ.(ਆਈ.ਟੀ.ਐਂਡ.ਸੀ), ਪੁੱਡਾ, ਐਸ.ਏ.ਐਸ. ਨਗਰ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਅਜੰਡਾ ਅਤ ਮੀਟਿੰਗ ਦੀ ਕਾਰਵਾਈ ਪੁੱਡਾ ਦੀ ਵੈਬ ਸਾਈਟ ਤੇ ਅਪਲੋਡ ਕੀਤਾ ਜਾਵੇ ਜੀ।

*ਨੱਥੀ : ਉਪਰੋਕਤ ਅਨੁਸਾਰ ।*

12/1

ਪ੍ਰਬੰਧਕ ਅਫਸਰ (ਤਾਲਮੇਲ)
ਵਾ: ਮੁੱਖ ਪ੍ਰਸ਼ਾਸ਼ਕ, ਪੁੱਡਾ

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1/2024/ 1042-45 ਮਿਤੀ:- 12/1/24

ਪੱਤਰ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਹੇਠ ਲਿਖਿਆਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਦਫਤਰ ਨਾਲ ਸਬੰਧਤ ਮੱਦ ਬਾਰੇ ਹੋਏ ਫੈਸਲੇ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਉਪਰੰਤ ਕੀਤੀ ਕਾਰਵਾਈ ਰਿਪੋਰਟ ਇਸ ਦਫਤਰ ਨੂੰ ਭਿਜਵਾਈ ਜਾਵੇ ਤਾਂ ਕੋ ਫੋਲੋ-ਅਪ ਸਬੰਧੀ ਕਾਰਵਾਈ ਕੀਤੀ ਜਾ ਸਕੇ ਜੀ-

1) ਵਧੀਕ ਮੁੱਖ ਪ੍ਰਸ਼ਾਸ਼ਕ (ਵਿੱਤ ਤੇ ਲੇਖਾ), ਪੁੱਡਾ, ਐਸ.ਏ.ਐਸ. ਨਗਰ ।
2) ਮਿਲਖ ਅਫਸਰ (ਪਾਲਿਸੀ), ਪੁੱਡਾ, ਐਸ.ਏ.ਐਸ. ਨਗਰ।
3) ਪ੍ਰਬੰਧਕ ਅਫਸਰ (ਅਮਲਾ), ਪੁੱਡਾ, ਐਸ.ਏ.ਐਸ. ਨਗਰ।
4) ਲੋਕ ਸੰਪਰਕ ਅਫਸਰ, ਪੁੱਡਾ, ਐਸ.ਏ.ਐਸ. ਨਗਰ।

*ਨੱਥੀ : ਉਪਰੋਕਤ ਅਨੁਸਾਰ ।*

12/1

ਪ੍ਰਬੰਧਕ ਅਫਸਰ (ਤਾਲਮੇਲ)
O/C ਵਾ: ਮੁੱਖ ਪ੍ਰਸ਼ਾਸ਼ਕ, ਪੁੱਡਾ।

**ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 10-01-2024 ਨੂੰ ਬਾਅਦ ਦੁਪਹਿਰ 4.00 ਵਜੇ ਹੋਈ ਪੁੱਡਾ ਦੀ 23ਵੀਂ ਕਾਰਜਕਾਰੀ ਕਮੇਟੀ ਦੀ ਮੀਟਿੰਗ ਦੀ ਕਾਰਵਾਈ।**

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਭਾਗ ਲਿਆ:-

| ਲੜੀ ਨੰ | ਅਧਿਕਾਰੀ ਦਾ ਨਾਮ ਅਤੇ ਅਹੁਦਾ<br>ਸਰਵ ਸ਼੍ਰੀ/ਸ਼੍ਰੀਮਤੀ | ਅਹੁਦਾ |
|---|---|---|
| 1. | ਅਜੋਏ ਕੁਮਾਰ ਸਿਨਹਾ, ਆਈ.ਏ.ਐਸ.<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਵਿੱਤ ਵਿਭਾਗ, ਪੰਜਾਬ। | ਮੈਂਬਰ |
| 2. | ਕੁਮਾਰ ਅਮਿਤ, ਆਈ.ਏ.ਐਸ.<br>(ਵਿਸ਼ੇਸ਼ ਮੁੱਖ ਸਕੱਤਰ, ਪੰਜਾਬ/ਮੁੱਖ ਮੰਤਰੀ, ਪੰਜਾਬ ਜੀ ਦਾ ਨੁਮਾਇੰਦਾ ) | ਮੈਂਬਰ |
| 3. | ਅਪਨੀਤ ਰਿਆਤ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਪੁੱਡਾ, ਐਸ.ਏ.ਐਸ.ਨਗਰ । | ਮੈਂਬਰ ਸਕੱਤਰ |
| 4. | ਉਮਾ ਸ਼ੰਕਰ, ਆਈ.ਏ.ਐਸ. , ਡਾਇਰੈਕਟਰ,<br>ਸਥਾਨਕ ਸਰਕਾਰ, ਪੰਜਾਬ ।<br>(ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਸਥਾਨਕ ਸਰਕਾਰ, ਪੰਜਾਬ ਦਾ ਨੁਮਾਇੰਦਾ ) | ਮੈਂਬਰ |
| 5. | ਪ੍ਰਭਜੀਤ ਸਿੰਘ ਢਿੱਲੋਂ, ਜਿਲ੍ਹਾ ਨਗਰ ਯੋਜਨਾਕਾਰ,<br>(ਮੁੱਖ ਨਗਰ ਯੋਜਨਾਕਾਰ, ਪੰਜਾਬ, ਦਾ ਨੁਮਾਇੰਦਾ ) | ਮੈਂਬਰ |

ਮੀਟਿੰਗ ਵਿੱਚ ਲੜੀਵਾਰ ਅਜੰਡਾ ਆਈਟਮਾਂ ਤੇ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ :-

**<u>ਅਜੰਡਾ ਆਈਟਮ ਨੰ: 23.01</u>**

**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਦੀ ਕਾਰਜਕਾਰੀ ਕਮੇਟੀ ਦੀ 22ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਕਮੇਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ ।

**<u>ਅਜੰਡਾ ਆਈਟਮ ਨੰ: 23.02</u>**

**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ) ਦੀ ਕਾਰਜਕਾਰੀ ਕਮੇਟੀ ਦੀ ਮਿਤੀ 16-11-2022 ਨੂੰ ਹੋਈ 22ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਕਾਰਵਾਈ ਸਬੰਧੀ ਮੱਦ ਵਾਰ ਵਿਵਰਣ।**

ਕਮੇਟੀ ਵਲੋਂ ਕੀਤੀ ਗਈ ਕਾਰਵਾਈ ਸਬੰਧੀ ਤਸੱਲੀ ਪ੍ਰਗਟਾਈ ਗਈ ।

**<u>ਅਜੰਡਾ ਆਈਟਮ ਨੰ: 23.03</u>**

**ਰੈਗੂਲਰ ਵਰਕਚਾਰਜ ਅਮਲੇ (ਲੈਜਰ ਕੀਪਰ / ਬਿੱਲ ਕਲਰਕ) ਲਈ ਸੀਨੀਅਰ ਸਹਾਇਕਾਂ ਦੀਆਂ ਪਦਉਨੱਤੀ ਕੋਟੇ ਦੀਆਂ ਅਸਾਮੀਆਂ ਰਾਖਵੀਂ ਰੱਖਣ ਬਾਰੇ।**

ਕਮੇਟੀ ਵਲੋ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਡੇਫਰ ਕੀਤਾ ਗਿਆ।

**<u>ਅਜੰਡਾ ਆਈਟਮ ਨੰ: 23.04</u>**

**ਫੈਮਲੀ ਟਰਾਂਸਫਰ ਦੇ ਕੇਸਾਂ ਵਿੱਚ ਪਲਾਟਾਂ /ਮਕਾਨਾਂ ਦੀ ਟਰਾਂਸਫਰ ਕਰਨ ਵੇਲੇ ਪਰੀਵਾਰ ਦੀ ਪਰੀਭਾਸ਼ਾ ਵਿੱਚ ਪੋਤਾ -ਪੋਤੀ ਨੂੰ ਸ਼ਾਮਲ ਕਰਨ ਸਬੰਧੀ ।**

ਕਾਰਜਕਾਰੀ ਕਮੇਟੀ ਵਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਨੂੰ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕਰਨ ਦੀ ਪ੍ਰਵਾਨਗੀ ਦਿੱਤੀ ਗਈ ।

## ਅਜੰਡਾ ਆਈਟਮ ਨੰ: 23.05

**ਸਰਕਾਰੀ ਕਰਮਚਾਰੀਆਂ ਲਈ ਮਲਟੀ ਸਟੋਰੀ ਫਲੈਟ ਅਲਾਟ ਕਰਨ ਲਈ ਉਲੀਕੀ ਜਾਣੀ ਸਕੀਮ ਲਈ ਰੇਟ ਨਿਰਧਾਰਿਤ ਕਰਨ ਬਾਰੇ।**

ਕਮੇਟੀ ਵਲੋ ਵਿਚਾਰ-ਵਟਾਂਦਰੇ ਉਪਰੰਤ ਪੰਜਾਬ ਰਾਜ ਦੇ ਸਰਕਾਰੀ ਕਰਮਚਾਰੀਆਂ ਲਈ ਬਣਾਈ ਜਾਣ ਵਾਲੀ ਸਹਿਕਾਰੀ ਸੋਸਾਇਟੀ ਅਧੀਨ ਮਕਾਨਾਂ / ਫਲੈਟਾਂ ਨੂੰ ਪ੍ਰੀਵੇਲਿੰਗ ਰੇਟ ਤੇ ਹੀ ਅਲਾਟ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਮੱਦ ਨੂੰ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕਰਨ ਲਈ ਕਿਹਾ ਗਿਆ ।

## ਅਜੰਡਾ ਆਈਟਮ ਨੰ: 23.06

**Annual Administrative Report for the year 2021-22**

ਕਾਰਜਕਾਰੀ ਕਮੇਟੀ ਵਲੋਂ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

## ਅਜੰਡਾ ਆਈਟਮ ਨੰ: 23.07

**ਪੁੱਡਾ ਅਥਾਰਿਟੀ ਦੇ ਸਾਲ 2021-22 ਦੇ ਸਾਲਾਨਾ ਲੇਖਿਆਂ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿੱਚ ਪ੍ਰਵਾਨਗੀ ਸਬੰਧੀ।**

ਕਾਰਜਕਾਰੀ ਕਮੇਟੀ ਵਲੋਂ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

## ਅਜੰਡਾ ਆਈਟਮ ਨੰ: 23.08

**Agenda for the Revised Budget Estimates for the year 2022-23 and Budget Estimates for the year 2023-24**

ਕਾਰਜਕਾਰੀ ਕਮੇਟੀ ਵਲੋਂ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

## ਅਜੰਡਾ ਆਈਟਮ ਨੰ: 23.09

**Fund flow position under OUVGL Scheme as on 31.03.2023**

ਕਾਰਜਕਾਰੀ ਕਮੇਟੀ ਵਲੋਂ ਮੱਦ ਵਿਚ ਦਰਸਾਈ ਫੰਡਜ਼ ਫਲੋਅ ਪੋਜੀਸ਼ਨ ਨੂੰ ਨਜਰਸਾਨੀ ਕੀਤਾ ਗਿਆ ।

**ਅਜੰਡਾ ਆਈਟਮ ਨੰ: 23.10**

**ਪੁੱਡਾ ਵਿਖੇ ਸੀਨੀਅਰ ਸਹਾਇਕ (ਲੇਖਾ) ਦੀ ਸਿੱਧੀ ਭਰਤੀ ਦੀ ਅਸਾਮੀਆਂ ਸਬੰਧੀ ਪੁੱਡਾ (ਕਰਮਚਾਰੀ ਸਰਵਿਸ), ਰੈਗੁਲੇਸ਼ਨ, 1999 ਦੇ Schedule –III (General ) ਵਿੱਚ ਸੋਧ ਕਰਨ ਬਾਰੇ।**

ਕਾਰਜਕਾਰੀ ਕਮੇਟੀ ਵਲੋਂ ਵਿਚਾਰ-ਵਟਾਂਦਰੇ ਉਪਰੰਤ ਫੈਸਲਾ ਕੀਤਾ ਗਿਆ ਕਿ ਮੱਦ ਵਿੱਚ ਦਿੱਤੀ ਤਜਵੀਜ ਦੇ ਸਬੰਧ ਵਿੱਚ ਪ੍ਰਸੋਨਲ ਵਿਭਾਗ ਤੋਂ ਰਾਏ ਪ੍ਰਾਪਤ ਕਰਨ ਉਪਰੰਤ ਤਜਵੀਜ ਨੂੰ ਸਮਰੱਥ ਪੱਧਰ ਤੇ ਪ੍ਰਵਾਨ ਕਰਵਾਇਆ ਜਾਵੇ ਅਤੇ ਇਸ ਦੀ ਕਾਰਜਬਾਅਦ ਪ੍ਰਵਾਨਗੀ ਲਈ ਅਜੰਡਾ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ।

**ਅਜੰਡਾ ਆਈਟਮ ਨੰ: 23.11**

**ਪੁੱਡਾ ਸਟਾਫ ਰੀਸਟਰਕਚਰਿੰਗ-2021 ਦੇ ਸਨਮੁੱਖ ਵਧੀਕ ਮੁੱਖ ਪ੍ਰਸ਼ਾਸ਼ਕ (ਵਿੱਤ ਤੇ ਲੇਖਾ) ਦੀ ਅਸਾਮੀ ਤੇ ਪਦ- ਉੱਨਤੀ ਲਈ ਨਿਯੁਕਤੀ ਦਾ ਸਰੋਤ / ਯੋਗਤਾ ਅਤੇ ਤਨਖਾਹ ਸਕੇਲ ਨਿਰਧਾਰਤ ਕਰਨ ਬਾਰੇ।**

ਕਮੇਟੀ ਵਲੋ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਡੈਫਰ ਕੀਤਾ ਗਿਆ।

**ਅਜੰਡਾ ਆਈਟਮ ਨੰ: 23.12**

**ਪੁੱਡਾ ਅਤੇ ਸਮੂਹ ਅਥਾਰਿਟੀਆਂ ਅਧੀਨ ਆਉਂਦੀਆਂ ਅਰਬਨ ਅਸਟੇਟਾਂ ਵਿੱਚ ਪਾਣੀ ਦੀ ਦੁਰਵਰਤੋਂ ਰੋਕਣ ਸਬੰਧੀ ।**

ਕਮੇਟੀ ਵਲੋ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਡੈਫਰ ਕੀਤਾ ਗਿਆ।

**ਟੇਬਲ ਅਜੰਡਾ ਆਈਟਮ ਨੰ: 23.13**

**ਵੱਖ -ਵੱਖ ਸੰਸਥਾਵਾਂ ਨੂੰ ਲੀਜ ਹੋਲਡ ਬੇਸਿਜ ਤੇ ਅਲਾਟ ਕੀਤੀਆਂ ਗਈਆਂ ਧਾਰਮਿਕ ਸਾਈਟਾਂ ਨੂੰ ਫਰੀ ਹੋਲਡ ਕਰਨ ਸਬੰਧੀ।**

ਕਮੇਟੀ ਵਲੋ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਡੈਫਰ ਕੀਤਾ ਗਿਆ।

***ਮੀਟਿਗ ਧੰਨਵਾਦ ਸਹਿਤ ਸਮਾਪਤ ਕੀਤੀ ਗਈ ।***

ਮੁੱਖ ਪ੍ਰਸ਼ਾਸ਼ਕ, ਪੁੱਡਾ। | ਮੁੱਖ ਸਕੱਤਰ, ਪੰਜਾਬ ।